ਨੰ : ਸੀ. ਸਹਾਇਕ (ਅਮਲਾ)/ਆਰ. ਟੀ. ਆਈ. ਅਪੀਲ/ਸੰ:ਰ:ਜ:/.1198.... ਮਿਤੀ : ..04/12/19
ਵਲੋਂ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਸੇਵਾ ਵਿਖੇ,

ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ੍ਹ।

ਵਿਸ਼ਾ :- ਆਰ. ਟੀ. ਆਈ. ਐਕਟ-2005 ਤਹਿਤ ਦਾਇਰ ਕੀਤੀ ਗਈ ਅਪੀਲ ਦਾ ਫੈਸਲਾ ਆੱਨ-ਲਾਈਨ ਕਰਨ ਬਾਰੇ।

ਹਵਾਲਾ :- ਮੁੱਖ-ਦਫਤਰ ਵਲੋਂ ਜਾਰੀ ਪੱਤਰ ਨੰ : ਰਸਸ/ਆਰ. ਟੀ. ਆਈ. / ਕਪੂਰਥਲਾ/ 8911, ਮਿਤੀ : 19.09.2019.

**ਯਾਦ ਪੱਤਰ :**

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਬੇਨਤੀ ਸਹਿਤ ਸੂਚਿਤ ਕੀਤਾ ਜਾਂਦਾ ਹੈ ਕਿ ਮੁੱਖ-ਦਫਤਰ ਵਲੋਂ ਹਵਾਲਾ ਅਧੀਨ ਪੱਤਰ ਰਾਹੀਂ ਸ੍ਰੀ ਅੰਮ੍ਰਿਤਪਾਲ ਸਿੰਘ (ਵਕੀਲ) ਪੁੱਤਰ ਸ੍ਰੀ ਨਿਰਮਲ ਸਿੰਘ ਵਾਸੀ 191/4, ਮੁਹੱਲਾ ਜੱਟਪੁਰਾ ਨਵੀਂ ਅਬਾਦੀ, ਕਪੂਰਥਲਾ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਰਾਹੀਂ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਦਾਇਰ ਕੀਤੀ ਗਈ ਅਪੀਲ ਇਸ ਦਫਤਰ ਨੂੰ ਨਿਪਟਾਰੇ ਹਿੱਤ ਭੇਜੀ ਗਈ ਸੀ। ਇਸ ਅਪੀਲ ਦਾ ਫੈਸਲਾ ਇਸ ਅਦਾਲਤ ਵਲੋਂ ਮਿਤੀ : 04.11.2019 ਨੂੰ ਕਰ ਦਿੱਤਾ ਗਿਆ ਹੈ।

ਡਾਇਰੈਕਟੋਰੇਟ, ਪ੍ਰਸ਼ਾਸਨਿਕ ਸੁਧਾਰ, ਪੰਜਾਬ (ਆਰ. ਟੀ. ਆਈ. ਨੋਡਲ ਸੈਲ-ਪੰਜਾਬ ਸਿਵਲ ਸਕੱਤਰੇਤ-2) ਸੈਕਟਰ-9, ਚੰਡੀਗੜ੍ਹ ਜੀ ਵਲੋਂ ਜਾਰੀ ਪੱਤਰ ਨੰ : ਅੰ ਵਿ ਪੱ. ਨੰ: 51/8/2014/2 ਆਰ. ਟੀ. ਆਈ. ਐਨ. ਸੀ. / 162, ਮਿਤੀ : 29.06.2015, ਜੋ ਮੁੱਖ-ਦਫਤਰ ਦੇ ਪਿੱਠ ਅੰਕਣ ਨੰ : ਅਮਲਾ/ ਅਸਗ-2/ ਆਰ. ਟੀ. ਆਈ. / 7698, ਮਿਤੀ : 29.06.2015 ਰਾਹੀਂ ਇਸ ਦਫਤਰ ਵਿੱਚ ਪ੍ਰਾਪਤ ਹੋਇਆ, ਰਾਹੀਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਅੰਮ੍ਰਿਤਸਰ ਸਿੰਘ (ਅਪੀਲਕਰਤਾ) ਵਲੋਂ ਦਾਇਰ ਕੀਤੀ ਗਈ ਅਪੀਲ ਅਤੇ ਇਸ ਅਦਾਲਤ ਵਲੋਂ ਕੀਤੇ ਗਏ ਫੈਸਲਾ ਮਿਤੀ : 04.11.2019 ਦੀ ਤਸਦੀਕਸ਼ੁਦਾ ਕਾਪੀ ਇਸ ਪੱਤਰ ਨਾਲ ਨੱਥੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਦਸਤਾਵੇਜ਼ ਵਿਭਾਗ ਦੀ ਵੈਬ-ਸਾਈਟ ਤੇ ਆੱਨ-ਲਾਈਨ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਸਹਿਪੱਤਰ/ ਉਪਰੋਕਤ ਅਨੁਸਾਰ।

ਸੰਯੁਕਤ ਰਜਿਸਟਰਾਰ
(ਐਪੀਲਾਂਟ ਅਥਾਰਟੀ)
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

R-1198
23.12.19

ਨੰ : ਸੀ.ਸਹਾਇਕ (ਅਮਲਾ)/ ਸੰ:ਰ:ਜ:/ 8459-60                    ਮਿਤੀ : 03/12/19

ਵਲੋਂ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਵੱਲ,

1. ਸ੍ਰੀ ਅੰਮ੍ਰਿਤਪਾਲ ਸਿੰਘ (ਵਕੀਲ) ਪੁੱਤਰ ਸ੍ਰੀ ਨਿਰਮਲ ਸਿੰਘ,
   ਵਾਸੀ 191/4, ਮੁਹੱਲਾ ਜੱਟਪੁਰਾ ਨਵੀਂ ਅਬਾਦੀ, ਕਪੂਰਥਲਾ।
2. ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ),
   ਸਹਿਕਾਰੀ ਸਭਾਵਾਂ, ਕਪੂਰਥਲਾ।

[illegible] ਰਾਈਟ ਟੂ ਇਨਫਰਮੇਸ਼ਨ ਐਕਟ-2005 ਦੇ ਸੈਕਸ਼ਨ 19 ਤਹਿਤ ਅਪੀਲ।
(ਵਲੋਂ ਸ੍ਰੀ ਅੰਮ੍ਰਿਤਪਾਲ ਸਿੰਘ ਪੁੱਤਰ ਸ੍ਰੀ ਨਿਰਮਲ ਸਿੰਘ)।

ਮਿਸਲ ਸੁਣਵਾਈ ਲਈ ਪੇਸ਼ ਹੋਈ। ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ : ਰਸਸ/ ਆਰ.ਟੀ.ਆਈ./ ਕਪੂਰਥਲਾ/ 8911, ਮਿਤੀ : 19.09.2019 ਰਾਹੀਂ ਅਪੀਲਕਰਤਾ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਦਿੱਤੀ ਦਰਖਾਸਤ ਰਾਹੀਂ [illegible] ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, [illegible] ਤੋਂ ਦੀ ਡੀਲੈਕਸ ਐਕਸ ਸਰਵਿਸਮੈਨ ਮੋਟਰ ਟਰਾਂਸਪੋਰਟ ਸੁਸਾਇਟੀ [illegible] ਨਾਲ ਸਬੰਧਤ ਮੰਗੀ ਗਈ ਸੂਚਨਾ ਅਪੀਲਕਰਤਾ ਨੂੰ ਪ੍ਰਾਪਤ ਨਾ ਹੋਣ ਕਾਰਨ ਉਸ ਵਲੋਂ ਦਰਖਾਸਤ ਮਿਤੀ : 19.08.2019 ਰਾਹੀਂ ਦਾਇਰ ਕੀਤੀ ਗਈ ਅਪੀਲ ਰਾਈਟ ਟੂ ਇਨਫਰਮੇਸ਼ਨ ਐਕਟ-2005 ਦੇ ਸੈਕਸ਼ਨ 6(3) ਅਧੀਨ ਸਮਾਂਬੱਧ ਤਰੀਕੇ ਨਾਲ ਨਿਪਟਾਰੇ ਹਿੱਤ ਇਸ ਅਦਾਲਤ ਨੂੰ ਟਰਾਂਸਫਰ ਕੀਤੀ ਗਈ।

ਅਪੀਲ ਦੀ ਸੁਣਵਾਈ ਵਾਸਤੇ ਦੋਵਾਂ ਧਿਰਾਂ ਨੂੰ ਨੋਟਿਸ ਜਾਰੀ ਕੀਤੇ ਗਏ ਅਤੇ [illegible] ਨੂੰ ਅਪੀਲ ਦੀ ਸੁਣਵਾਈ ਕੀਤੀ ਗਈ।

ਅਪੀਲ ਦੀ ਸੁਣਵਾਈ ਵਾਸਤੇ ਮਿਤੀ : 18.10.2019 ਨਿਸ਼ਚਿਤ ਕੀਤੀ ਗਈ ਅਤੇ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਕਪੂਰਥਲਾ ਨੂੰ ਹਦਾਇਤ ਕੀਤੀ ਗਈ ਕਿ ਪ੍ਰਾਰਥੀ ਵਲੋਂ ਆਰ.ਟੀ.ਆਈ.ਐਕਟ-2005 ਤਹਿਤ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਦੇ ਲੜੀ ਨੰ : 01 ਤੋਂ 07 ਅਨੁਸਾਰ ਮੰਗੀ ਗਈ ਸੂਚਨਾ ਜੋ ਮੁੱਖ-ਦਫਤਰ ਦੇ [illegible] ਨੰ : ਰਸਸ/ ਆਰ.ਟੀ.ਆਈ./ ਕਪੂਰਥਲਾ/ 5757, ਮਿਤੀ : 26.06.2019 ਰਾਹੀਂ [illegible] ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ [illegible] ਪ੍ਰਾਰਥੀ ਨੂੰ ਡਲਿਵਰ ਕਰਾਉਣ ਵਾਸਤੇ ਭੇਜੀ ਗਈ ਹੈ, ਤੁਰੰਤ ਪ੍ਰਾਰਥੀ ਨੂੰ ਡਲਿਵਰ ਕਰਾਉਣੀ ਯਕੀਨੀ ਬਣਾਈ ਜਾਵੇ।

ਮਿਤੀ : 18.10.2019 ਨੂੰ ਅਪੀਲ ਦੀ ਸੁਣਵਾਈ ਦੌਰਾਨ ਅਪੀਲਕਰਤਾ ਹਾਜਰ ਨਹੀਂ ਆਇਆ। ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਕਪੂਰਥਲਾ ਵਲੋਂ ਹਾਜਰ ਆਈ ਕਰਮਚਾਰਣ ਵਲੋਂ ਦਫਤਰ ਦੇ ਪੱਤਰ ਨੰ : ਡੀ.ਆਰ.ਕੇ./ ਸੁਪਰਡੈਂਟ/ 595, ਮਿਤੀ : 16.10.2019 ਰਾਹੀਂ ਭੇਜਿਆ ਗਿਆ ਜਵਾਬ ਸੁਣਵਾਈ ਦੌਰਾਨ ਪੇਸ਼ ਕੀਤਾ ਗਿਆ। ਜਵਾਬ ਅਨੁਸਾਰ ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਚੰਡੀਗੜ੍ਹ

........2......

ਜੀ ਪਾਸ ਅਪਲਾਈ ਕੀਤਾ ਗਿਆ। ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਚੰਡੀਗੜ ਜੀ ਵਲੋਂ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਉਸਨੂੰ ਸਪਲਾਈ ਕਰਨ ਹਿੱਤ ਸਿੱਧੇ ਤੌਰ ਤੇ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਕਪੂਰਥਲਾ ਨੂੰ ਲਿਖਿਆ ਗਿਆ। ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਕਪੂਰਥਲਾ ਦੇ ਪੱਤਰ ਨੰ : 279, ਮਿਤੀ : 16.07.2019 ਰਾਹੀਂ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਸਭਾ ਪਾਸੋਂ ਪ੍ਰਾਪਤ ਕਰਕੇ ਭੇਜੀ ਗਈ, ਜਿਸ ਅਨੁਸਾਰ ਦੀ ਡੀਲੈਕਸ ਐਕਸ ਸਰਵਿਸਮੈਨ ਮੋਟਰ ਟਰਾਂਸਪੋਰਟ ਕੋਆਪ੍ਰੇਟਿਵ ਸੁਸਾਇਟੀ ਲਿਮਟਿਡ ਇੱਕ ਸਹਿਕਾਰੀ ਅਦਾਰਾ ਹੈ, ਜੋ ਪੰਜਾਬ ਕੋਆਪ੍ਰੇਟਿਵ ਐਕਟ-1961 ਅਧੀਨ ਰਜਿਸਟਰਡ ਹੈ, ਜਿਸ ਕਾਰਨ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਦੇਣੀ ਨਹੀਂ ਬਣਦੀ। ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵਲੋਂ ਵੀ ਸਿਵਲ ਅਪੀਲ ਨੰਬਰ 9017 ਆਫ 2013 - ਸਟੇਟ ਕੋਆਪ੍ਰੇਟਿਵ ਬੈਂਕ ਬਨਾਮ ਕੇਰਲਾ ਰਾਜ ਵਿੱਚ ਇਸ ਸਬੰਧੀ ਹੁੱਕਮ ਪਾਸ ਕੀਤੇ ਗਏ ਹਨ। ਸਭਾ ਵਲੋਂ ਪ੍ਰਾਪਤ ਜਵਾਬ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਕਪੂਰਥਲਾ ਦੇ ਪੱਤਰ ਨੰ : 1592, ਮਿਤ : 01.08.2019 ਰਾਹੀਂ ਰਜਿਸਟਰਡ ਡਾਕ ਰਾਹੀਂ ਪ੍ਰਾਰਥੀ ਨੂੰ ਭੇਜ ਦਿੱਤਾ ਗਿਆ।

ਦੀ ਡੀਲੈਕਸ ਐਕਸ ਸਰਵਿਸਮੈਨ ਮੋਟਰ ਟਰਾਂਸਪੋਰਟ ਕੋਆਪ੍ਰੇਟਿਵ ਸੁਸਾਇਟੀ ਲਿਮਟਿਡ ਕਪੂਰਥਲਾ ਵਲੋਂ ਜਾਰੀ ਪੱਤਰ ਮਿਤੀ : 11.07.2019 (ਜੋ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਕਪੂਰਥਲਾ ਨੂੰ ਐਡਰੈਸ ਹੈ) ਅਨੁਸਾਰ ਇਹ ਸਭਾ ਇੱਕ ਸਹਿਕਾਰੀ ਅਦਾਰਾ ਹੈ, ਜੋ ਪੰਜਾਬ ਕੋਆਪ੍ਰੇਟਿਵ ਐਕਟ-1961 ਅਧੀਨ ਰਜਿਸਟਰਡ ਹੈ, ਜਿਸ ਕਾਰਨ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਦੇਣੀ ਨਹੀਂ ਬਣਦੀ। ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵਲੋਂ ਵੀ ਸਿਵਲ ਅਪੀਲ ਨੰਬਰ 9017 ਆਫ 2013 - ਸਟੇਟ ਕੋਆਪ੍ਰੇਟਿਵ ਬੈਂਕ ਬਨਾਮ ਕੇਰਲਾ ਰਾਜ ਵਿੱਚ ਇਸ ਸਬੰਧੀ ਹੁੱਕਮ ਪਾਸ ਕੀਤੇ ਗਏ ਹਨ।

ਦੋਵਾਂ ਧਿਰਾਂ ਨੂੰ ਸੁਣਨ ਅਤੇ ਰੀਕਾਰਡ ਨੂੰ ਘੋਖਣ ਉਪਰੰਤ ਮੈਂ ਇਸ ਸਿੱਟੇ ਤੇ ਪੁੱਜਿਆ ਹਾਂ ਕਿ ਦੀ ਡੀਲੈਕਸ ਐਕਸ ਸਰਵਿਸਮੈਨ ਮੋਟਰ ਟਰਾਂਸਪੋਰਟ ਕੋਆਪ੍ਰੇਟਿਵ ਸੁਸਾਇਟੀ ਲਿਮਟਿਡ ਕਪੂਰਥਲਾ ਵਲੋਂ ਜਾਰੀ ਪੱਤਰ ਮਿਤੀ : 11.07.2019 (ਜੋ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਕਪੂਰਥਲਾ ਨੂੰ ਐਡਰੈਸ ਹੈ) ਅਨੁਸਾਰ ਇਹ ਸਭਾ ਇੱਕ ਸਹਿਕਾਰੀ ਅਦਾਰਾ ਹੈ, ਜੋ ਪੰਜਾਬ ਕੋਆਪ੍ਰੇਟਿਵ ਐਕਟ-1961 ਅਧੀਨ ਰਜਿਸਟਰਡ ਹੈ, ਜਿਸ ਕਾਰਨ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਦੇਣੀ ਨਹੀਂ ਬਣਦੀ। ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵਲੋਂ ਵੀ ਸਿਵਲ ਅਪੀਲ ਨੰਬਰ 9017 ਆਫ 2013 - ਸਟੇਟ ਕੋਆਪ੍ਰੇਟਿਵ ਬੈਂਕ ਬਨਾਮ ਕੇਰਲਾ ਰਾਜ ਵਿੱਚ ਇਸ ਸਬੰਧੀ ਹੁੱਕਮ ਪਾਸ ਕੀਤੇ ਗਏ ਹਨ। ਇਸ ਲਈ ਸਭਾ ਵਲੋਂ ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਰਾਹੀਂ ਮੰਗੀ ਗਈ ਸੂਚਨਾ ਉਪ-ਰਜਿਸਟਰਾਰ. (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਕਪੂਰਥਲਾ ਨੂੰ ਬਤੌਰ ਪਬਲਿਕ ਅਥਾਰਟੀ ਮੁਹੱਈਆ ਨਹੀਂ ਕਰਵਾਈ ਗਈ, ਜਿਸ ਕਾਰਨ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਉਸਨੂੰ ਮੁਹੱਈਆ ਨਹੀਂ ਕਰਵਾਈ ਜਾ ਸਕਦੀ। ਉਪਰੋਕਤ ਨੂੰ ਮੁੱਖ ਰੱਖਦੇ ਹੋਏ ਅਪੀਲ ਖਾਰਜ ਕੀਤੀ ਜਾਂਦੀ ਹੈ।

ਮਿਤੀ : 04.11.2019.

(ਐਪੀਲਾਂਟ ਅਥਾਰਟੀ)
ਸੰਯੁਕਤ ਰਜਿਸਟਰਾਰ
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਅਸਲ ਕਾਪੀ ਤੋਂ ਤਸਦੀਕ ਕੀਤਾ
ਸੁਪਰਡੰਟ
ਦਫ਼ਤਰ ਸੰਯੁਕਤ ਰਜਿਸਟਰਾਰ
ਸਹਿਕਾਰੀ ਸਭਾਵਾਂ ਜਲੰਧਰ ਮੰਡਲ, ਜਲੰਧਰ।

(ਆਰ.ਟੀ.ਆਈ ਸਾਖਾ)

ਵੱਲ

ਫਸਟ ਅਪੀਲ ਅਥਾਰਟੀ
ਦਫਤਰ: ਸੰਯੁਕਤ ਰਜਿਸਟਰਾਰ
ਸਹਿਕਾਰੀ ਸਭਾਵਾਂ, ਜਲੰਧਰ।

ਮੀਮੋ ਨੰ:ਰਸਸ/ਆਰ.ਟੀ.ਆਈ./ਕਪੂਰਥਲਾ/ 8911
ਮਿਤੀ/ 19.9.19

ਵਿਸ਼ਾ:- ਆਰ.ਟੀ.ਆਈ ਐਕਟ 2005 ਅਧੀਨ ਅਪੀਲ ਕੇਸ ਦੀ ਸੁਣਵਾਈ ਕਰਨ ਬਾਰੇ।

ਸ੍ਰੀ ਅੰਮ੍ਰਿਤਪਾਲ ਸਿੰਘ ਐਡਵੋਕੇਟ ਪੁੱਤਰ ਸ੍ਰੀ ਨਿਰਮਲ ਸਿੰਘ ਮਕਾਨ ਨੰ: 191/4 ਮੁਹੱਲਾ ਜੱਟਪੁਰਾ ਨਵੀਂ ਅਬਾਦੀ ਕਪੂਰਥਲਾ ਵਲੋਂ ਆਰ.ਟੀ.ਆਈ ਐਕਟ ਅਧੀਨ ਮੰਗੀ ਗਈ ਸੂਚਨਾ ਪੀ.ਆਈ.ਓ ਸਹਾਇਕ ਰਜਿਸਟਰਾਰ ਸ/ਸ ਕਪੂਰਥਲਾ ਨੂੰ ਇਸ ਦਫਤਰ ਵਲੋਂ ਪੱਤਰ ਨੰ:ਰਸਸ/ਆਰ.ਟੀ.ਆਈ/ ਕਪੂਰਥਲਾ/ 5757 ਮਿਤੀ 26-06-2019 ਰਾਹੀਂ ਭੇਜ਼ ਦਿੱਤੀ ਗਈ ਸੀ ।ਪੀ.ਆਈ.ਓ ਸਹਾਇਕ ਰਜਿਸਟਰਾਰ ਕਪੂਰਥਲਾ ਵਲੋਂ ਪ੍ਰਾਰਥੀ ਨੂੰ ਅਜੇ ਤੱਕ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ।ਪ੍ਰਾਰਥੀ ਵਲੋਂ ਪਹਿਲੀ ਅਥਾਰਟੀ ਪਾਸ ਅਪੀਲ ਦਾਇਰ ਕੀਤੀ ਗਈ ਹੈ।

ਇਸ ਲਈ ਪ੍ਰਾਰਥੀ ਵਲੋਂ ਹੁਣ ਪ੍ਰਤੀਬੇਨਤੀ ਮਿਤੀ 19-08-2019 ਰਾਹੀਂ ਦਾਇਰ ਕੀਤੀ ਗਈ ਅਪੀਲ ਆਰ.ਟੀ.ਆਈ ਐਕਟ ਦੇ ਸੈਕਸ਼ਨ 6(3) ਅਧੀਨ ਸਮਾਂਬੱਧ ਤੁਰੀਕੇ ਨਾਲ ਟਰਾਂਸਫਰ ਕਰਕੇ ਲਿਖਿਆ ਜਾਂਦਾ ਹੈ ਕਿ ਅਪੀਲ ਦਾ ਨਿਪਟਾਰਾ ਕੀਤਾ ਜਾਵੇ। ਜੇਕਰ ਕਮਿਸ਼ਨ ਵਲੋਂ ਕੋਈ ਅਡਵਰਸ ਹੁਕਮ ਪਾਸ ਕੀਤੇ ਜਾਂਦੇ ਹਨ ਤਾਂ ਉਸ ਸਬੰਧੀ ਆਪ ਦੀ ਨਿੱਜੀ ਜ਼ਿੰਮੇਵਾਰੀ ਹੋਵੇਗੀ।

ਲੋਕ ਸੂਚਨਾ ਅਫਸਰ
ਮਿਤੀ/

ਨੱਥੀ:- ਅਪੀਲ ਕੇਸ ਦੀ ਕਾਪੀ।
ਪਿੱਠ ਅੰਕਣ ਨੰ: ਰਸਸ/ਆਰ.ਟੀ.ਆਈ/ਕਪੂਰਥਲਾ /

ਉਪਰੋਕਤ ਦਾ ਉਤਾਰਾ Sh. Amritpal Singh Advocate S/o S. Nirmal Singh R/o H.No. 191/4 Mohalla Jattapura Navi Abadi Kapurthala ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਦਾਇਰ ਕੀਤੀ ਅਪੀਲ ਕੇਸ ਦੀ ਸੁਣਵਾਈ ਦਫਤਰ ਸੰਯੁਕਤ ਰਜਿਸਟਰਾਰ,ਸਹਿਕਾਰੀ ਸਭਾਵਾਂ,ਜਲੰਧਰ ਵਲੋਂ ਕੀਤੀ ਜਾਣੀ ਹੈ ਅਤੇ ਉਨ੍ਹਾਂ ਦੇ ਦਫਤਰ ਨਾਲ ਸੰਪਰਕ ਕੀਤਾ ਜਾਵੇ।

ਲੋਕ ਸੂਚਨਾ ਅਫਸਰ

23/9/19

BEFORE THE STATE INFORMATION COMMISSION ... AUTHORITY

| | | |
|---|---|---|
| Amritpal Singh Advocate | Versus | Public Information Officer |
| S/o S. Nirmal Singh | | Cum Registrar Cooperative Societies |
| R/o H.No. 191/4 Mohalla Jattpura, | | |
| Navi Abadi Kapurthala Ph. 98158-35496 | | |
| ...Appellant | | ....Respondent |

APPEAL AGAINST THE RESPONDENTS FOR NOT SUPPLYING THE INFORMATION

Sir,

The appellant respectfully submits as under :-

1. That the appellant Amritpal Singh, Advocate applied for some information under Right to Information Act vide an application dated 19.06.2019 to the Public Information Officer cum Registrar Cooperative Societies Chandigarh respondent. The photocopy of application dated 19.06.2019 and photocopy of postal receipt dated 19.06.2019 are herewith.

2. That after applying the application dated 19.06.2019 but till date the respondent neither give any reply nor supplying any information as required by the appellant. Now the respondent refused to supply the information to the appellant. Hence the present appeal.

3. That a sufficient time has already been elapsed but the information sought vide an application dated 19.06.2019 by the appellant has neither been given nor any reply on the part of the respondent has been given. Hence in this circumstances it is presumed that the respondent have refused to supply the

791
27/8/19

information sought vide an application dated 19.06.2019 without any reason by violating the provisions of Right to Information Act 2005.

4. That a copy of this appeal has already been sent to the respondent vide registered post (Photocopy of postal receipt is attached herewith).

5. That prior to this no appeal or any application to this commission has been moved in regard to this application dated 19.06.2019.

It is therefore prayed that the respondents may kindly be directed to supply the requisite information as per application dated 19.06.2019 and the respondents may kindly be imposed the fine/ penalty as per the RTI Act.

Dated 19/8/19

Appellant

Amritpal Singh
Advocate, Distt. Courts,
Kapurthala.
S/o Nirmal Singh
R/o H.No. 191/4 Mohalla
Jattpura Navi Abadi
Kapurthala
Ph: 98158-35496

FORM A

[See Rule 3 (1)]

...nt Public Information Officer/The Public Information Officer/APIO

...the officer with Address) REGISTRAR C/OP SOCIETIES, MARKET 170 SECTOR 17 CHANDIGARH)

ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ। 22 AUG 2019 2773 ਨੰਬਰ

| | | | |
|---|---|---|---|
| 1. | Name of the applicant | | ਸ੍ਰੀ ਅੰਮ੍ਰਿਤਪਾਲ ਸਿੰਘ ਐਡਵੋਕੇਟ<br>ਪੁੱਤਰ ਸ. ਨਿਰਮਲ ਸਿੰਘ |
| 2 | Address | | ਮਕਾਨ ਨੰ: 191/4, ਮੁਹੱਲਾ ਜੱਟਪੁਰਾ ਨਵੀ ਅਬਾਦੀ, ਕਪੂਰਥਲਾ 144601 |
| | Particulars of information required | | |
| i. | Subject matter of information | | 1. ਸੁਸਾਇਟੀ ਡੀਲਕਸ ਬੱਸ ਸਰਵਿਸ ਮੋਟਰ ਟਰਾਂਸਪੋਰਟ ਸੁਸਾਇਟੀ ਲਿਮਟਿਡ ਕਪੂਰਥਲਾ ਦੀ ਪ੍ਰਧਾਨਗੀ ਦੀ ਚੋਣ ਕਦੋ ਹੋਈ ?<br>2. ਸੁਸਾਇਟੀ ਡੀਲਕਸ ਬੱਸ ਸਰਵਿਸ ਮੋਟਰ ਟਰਾਂਸਪੋਰਟ ਸੁਸਾਇਟੀ ਲਿਮਟਿਡ ਕਪੂਰਥਲਾ ਦਾ ਮੋਜੂਦਾ ਪ੍ਰਧਾਨ ਕੋਣ ਹੈ ?<br>3. ਸੁਸਾਇਟੀ ਡੀਲਕਸ ਬੱਸ ਸਰਵਿਸ ਮੋਟਰ ਟਰਾਂਸਪੋਰਟ ਸੁਸਾਇਟੀ ਲਿਮਟਿਡ ਕਪੂਰਥਲਾ ਦੇ ਆਹੁਦੇਦਾਰਾ ਅਤੇ ਸਾਰੇ ਮੈਂਬਰਾਂ ਦੇ ਨਾਮ<br>4. ਸੁਸਾਇਟੀ ਡੀਲਕਸ ਬੱਸ ਸਰਵਿਸ ਮੋਟਰ ਟਰਾਂਸਪੋਰਟ ਸੁਸਾਇਟੀ ਲਿਮਟਿਡ ਕਪੂਰਥਲਾ ਦਾ ਕੰਮਕਾਰ ਕਦੋ ਤੋਂ ਚਲਦਾ ਹੈ ਜਾਂ ਕਦੋ ਤੋਂ ਬੰਦ ਹੈ ?<br>5. ਸੁਸਾਇਟੀ ਡੀਲਕਸ ਬੱਸ ਸਰਵਿਸ ਮੋਟਰ ਟਰਾਂਸਪੋਰਟ ਸੁਸਾਇਟੀ ਲਿਮਟਿਡ ਕਪੂਰਥਲਾ ਦਾ ਮੋਜੂਦਾ ਸੈਕਟਰੀ ਕੌਣ ਹੈ?<br>6. ਸੁਸਾਇਟੀ ਡੀਲਕਸ ਬੱਸ ਸਰਵਿਸ ਮੋਟਰ ਟਰਾਂਸਪੋਰਟ ਸੁਸਾਇਟੀ ਲਿਮਟਿਡ ਕਪੂਰਥਲਾ ਦੀ ਇੱਕ ਵਿਅਕਤੀ ਵਲੋਂ ਪ੍ਰਧਾਨਗੀ ਕਿੰਨੀ ਵਾਰ ਲੜੀ ਜਾ ਸਕਦੀ ?<br>7. ਸੁਸਾਇਟੀ ਡੀਲਕਸ ਬੱਸ ਸਰਵਿਸ ਮੋਟਰ ਟਰਾਂਸਪੋਰਟ ਸੁਸਾਇਟੀ ਲਿਮਟਿਡ ਦੇ ਕੁੱਲ ਕਿੰਨੇ ਮੈਂਬਰ ਹਨ ਉਹਨਾਂ ਦੀ ਨਾਮਾਂ ਦੀ ਜਾਣਕਾਰੀ ਦਿੱਤੀ ਜਾਵੇ ? |
| ii | The period to which the information | | Present |
| iii. | Description of the information required | | As mentioned above |
| iv | Whether information is required by post or in person (The actual postal charges shall be included in additional fees) | | ਡਾਕ ਰਾਂਹੀ |
| v | In case by post (Ordinary, Regd. Or Speed Post): | | ਰਜਿਸਟਰਡ ਡਾਕ ਰਾਂਹੀ (ਬਣਦਾ ਖਰਚਾ ਪ੍ਰਾਪਤੀ ਤੇ ਦੇ ਦਿੱਤਾ ਜਾਵੇਗਾ) |

Place

Dated

Signature of the applicant

Amritpal Singh Advocate S/o S. Nirmal Singh
R/o H.No. 191/4 Mohalla Jattpura Navi Abadi, Kapurthala
Ph: 98158-35496

ਵਿਸ਼ਾ:- ਆਰ.ਟੀ.ਆਈ ਐਕਟ 2005 ਤਹਿਤ ਦਾਇਰ ਕੀਤੀਆਂ ਗਈਆਂ ਅਪੀਲ ਦਾ ਫੈਸਲਾ ਆਨ-ਲਾਈਨ ਕਰਨ ਸਬੰਧੀ।

ਕੀ ਕੰਪਿਊਟਰ ਇੰਚਾਰਜ ਮੁੱਖ ਦਫਤਰ ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕਰਨਗੇ?

ਉਪਰੋਕਤ ਵਿਸ਼ੇ ਸਬੰਧੀ ਮਾਨਯੋਗ ਸੰਯੁਕਤ ਰਜਿਸਟਰਾਰ ਸਹਿਕਾਰੀ ਸਭਾਵਾ, ਜਲੰਧਰ ਵੱਲੋਂ ਆਰ.ਟੀ.ਆਈ ਐਕਟ 2005 ਤਹਿਤ ਕੀਤੇ ਗਏ ਫੈਸਲਿਆਂ ਨੂੰ ਵਿਭਾਗ ਦੀ ਸਾਈਟ ਤੇ ਆਨ-ਲਾਈਨ ਕੀਤਾ ਜਾਵੇ।

ਸੁਪਰਡੰਟ
ਆਰ.ਟੀ.ਆਈ, ਮੁੱਖ ਦਫਤਰ

ਇੰਚਾਰਜ ਕੰਪਿਊਟਰ ਸੈੱਲ
ਮੁੱਖ ਦਫਤਰ।

ਗ:ਸ:ਪੱਤਰ ਨੰ:ਆਰ.ਟੀ.ਆਈ/ਨਵਾਂਸ਼ਹਿਰ/ ਮਿਤੀ

ਨੰ : ਸੀ.ਸਹਾਇਕ (ਅਮਲਾ)/ਆਰ.ਟੀ.ਆਈ.ਅਪੀਲ/ਸੰ:ਰ:ਜ:/1ਟ9 ਮਿਤੀ : ..../ 19

ਵਲੋਂ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਸੇਵਾ ਵਿਖੇ,

ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ।

ਵਿਸ਼ਾ :- ਆਰ.ਟੀ.ਆਈ.ਐਕਟ-2005 ਤਹਿਤ ਦਾਇਰ ਕੀਤੀ ਗਈ ਅਪੀਲ ਦਾ ਫੈਸਲਾ ਆੱਨ-ਲਾਈਨ ਕਰਨ ਬਾਰੇ।

**ਯਾਦ ਪੱਤਰ :**

ਉਪਰੋਕਤ ਵਿਸ਼ੇ ਸਬੰਧੀ ਬੇਨਤੀ ਸਹਿਤ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਹਰਜਿੰਦਰ ਸਿੰਘ ਪੁੱਤਰ ਸ੍ਰੀ ਗੁਰਮੀਤ ਸਿੰਘ (ਅਪੀਲਕਰਤਾ), ਪਿੰਡ ਤੇ ਡਾਕ : ਬਜੀਦਪੁਰ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਰਾਹੀਂ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਇਸ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ। ਇਸ ਅਪੀਲ ਦਾ ਫੈਸਲਾ ਇਸ ਅਦਾਲਤ ਵਲੋਂ ਮਿਤੀ : 22.11.2019 ਨੂੰ ਕਰ ਦਿੱਤਾ ਗਿਆ ਹੈ।

ਡਾਇਰੈਕਟੋਰੇਟ, ਪ੍ਰਸ਼ਾਸਨਿਕ ਸੁਧਾਰ, ਪੰਜਾਬ (ਆਰ.ਟੀ.ਆਈ.ਨੋਡਲ ਸੈਲ-ਪੰਜਾਬ ਸਿਵਲ ਸਕੱਤਰੇਤ-2) ਸੈਕਟਰ-9, ਚੰਡੀਗੜ ਜੀ ਵਲੋਂ ਜਾਰੀ ਪੱਤਰ ਨੰ : ਅੰ.ਵਿ ਪੱ.ਨੰ: 51/8/2014/2 ਆਰ.ਟੀ.ਆਈ.ਐਨ.ਸੀ./ 162, ਮਿਤੀ : 29.06.2015, ਜੋ ਮੁੱਖ-ਦਫਤਰ ਦੇ ਪਿੱਠ ਅੰਕਣ ਨੰ : ਅਮਲਾ/ ਅਸਗ-2/ ਆਰ.ਟੀ.ਆਈ./ 7698, ਮਿਤੀ : 29.06.2015 ਰਾਹੀਂ ਇਸ ਦਫਤਰ ਵਿੱਚ ਪ੍ਰਾਪਤ ਹੋਇਆ, ਰਾਹੀਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਹਰਜਿੰਦਰ ਸਿੰਘ (ਅਪੀਲਕਰਤਾ) ਵਲੋਂ ਦਾਇਰ ਕੀਤੀ ਗਈ ਅਪੀਲ ਅਤੇ ਇਸ ਅਦਾਲਤ ਵਲੋਂ ਕੀਤੇ ਗਏ ਫੈਸਲਾ ਮਿਤੀ : 22.11.2019 ਦੀ ਤਸਦੀਕਸ਼ੁਦਾ ਕਾਪੀ ਇਸ ਪੱਤਰ ਨਾਲ ਨੱਥੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਦਸਤਾਵੇਜ਼ ਵਿਭਾਗ ਦੀ ਵੈਬ-ਸਾਈਟ ਤੇ ਆੱਨ-ਲਾਈਨ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਸਹਿਪੱਤਰ/ ਉਪਰੋਕਤ ਅਨੁਸਾਰ।

ਸੰਯੁਕਤ ਰਜਿਸਟਰਾਰ
(ਐਪੀਲਾਂਟ ਅਥਾਰਟੀ)
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਨੰ : ਸੀ.ਸਹਾਇਕ (ਅਮਲਾ)/ ਸੰ:ਰ:ਜ:/ 8461-69 ਮਿਤੀ : 03/12/19
ਵਲੋਂ

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਵੱਲ,

1. ਸ੍ਰੀ ਹਰਜਿੰਦਰ ਸਿੰਘ ਪੁੱਤਰ ਸ੍ਰੀ ਗੁਰਮੀਤ ਸਿੰਘ,
ਪਿੰਡ ਤੇ ਡਾਕ : ਬਜੀਦਪੁਰ, ਤਹਿਸੀਲ ਨਵਾਂਸ਼ਹਿਰ,
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ।
2. ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ),
ਸਹਿਕਾਰੀ ਸਭਾਵਾਂ, ਸ਼ਹੀਦ ਭਗਤ ਸਿੰਘ ਨਗਰ।

ਵਿਸ਼ਾ :- ਰਾਈਟ ਟੂ ਇਨਫਰਮੇਸ਼ਨ ਐਕਟ-2005 ਦੇ ਸੈਕਸ਼ਨ 19 ਤਹਿਤ ਅਪੀਲ।
(ਵਲੋਂ ਸ੍ਰੀ ਹਰਜਿੰਦਰ ਸਿੰਘ ਪੁੱਤਰ ਸ੍ਰੀ ਗੁਰਮੀਤ ਸਿੰਘ)।

ਹੁੱਕਮ :

ਮਿਸਲ ਸੁਣਵਾਈ ਲਈ ਪੇਸ਼ ਹੋਈ। ਅਪੀਲਕਰਤਾ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਦਰਖਾਸਤ ਮਿਤੀ : 02.09.2019 ਰਾਹੀਂ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਸ਼ਹੀਦ ਭਗਤ ਸਿੰਘ ਨਗਰ ਪਾਸੋਂ ਦੀ ਬਜੀਦਪੁਰ ਬਹੁਮੰਤਵੀ ਸਹਿਕਾਰੀ ਸਭਾ ਲਿਮ:, ਬਜੀਦਪੁਰ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨਾਲ ਸਬੰਧਤ ਮੰਗੀ ਗਈ ਸੂਚਨਾ ਉਸਨੂੰ ਪ੍ਰਾਪਤ ਨਾ ਹੋਣ ਕਾਰਨ ਦਰਖਾਸਤ ਮਿਤੀ : 09.10.2019 ਰਾਹੀਂ ਇਸ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ।

ਅਪੀਲ ਦੀ ਸੁਣਵਾਈ ਵਾਸਤੇ ਦੋਵਾਂ ਧਿਰਾਂ ਨੂੰ ਨੋਟਿਸ ਜਾਰੀ ਕੀਤੇ ਗਏ ਅਤੇ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨੂੰ ਹਦਾਇਤ ਕੀਤੀ ਗਈ ਕਿ ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਅਨੁਸਾਰ ਜੋ ਵੀ ਸੂਚਨਾ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਪ੍ਰਾਰਥੀ ਨੂੰ ਮੁਹੱਈਆ ਕਰਵਾਈ ਜਾ ਸਕਦੀ ਹੈ, ਉਹ ਤੁਰੰਤ ਸਪਲਾਈ ਕਰਵਾਉਣੀ ਯਕੀਨੀ ਬਣਾਈ ਜਾਵੇ। ਵੱਖ-ਵੱਖ ਮਿਤੀਆ ਨੂੰ ਅਪੀਲ ਦੀ ਸੁਣਵਾਈ ਕੀਤੀ ਗਈ।

ਮਿਤੀ : 13.11.2019 ਨੂੰ ਅਪੀਲ ਦੀ ਸੁਣਵਾਈ ਦੌਰਾਨ ਅਪੀਲਕਰਤਾ ਹਾਜਰ ਨਹੀਂ ਆਇਆ। ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਦਫਤਰ ਵਲੋਂ ਹਾਜਰ ਆਏ ਸ੍ਰੀ ਸ਼ੇਰ ਸਿੰਘ, ਸੀਨੀਅਰ ਸਹਾਇਕ ਦਫਤਰ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਨਵਾਂਸ਼ਹਿਰ ਵਲੋਂ ਜਵਾਬ ਪੇਸ਼ ਕੀਤਾ ਗਿਆ, ਜਿਸ ਅਨੁਸਾਰ ਪ੍ਰਾਰਥੀ ਵਲੋਂ ਆਰ.ਟੀ.ਆਈ.ਐਕਟ-2005 ਤਹਿਤ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਮਿਤੀ : 02.09.2019 ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਦਫਤਰ ਵਿੱਚ ਮਿਤੀ : 05.09.2019 ਨੂੰ ਪ੍ਰਾਪਤ ਹੋਈ। ਇਹ ਦਰਖਾਸਤ ਪੀ.ਆਈ.ਓ.ਦੇ ਪੱਤਰ ਨੰ : 1854, ਮਿਤੀ : 05.09.2019 ਰਾਹੀਂ ਸਹਾਇਕ ਦਫਤਰ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਨਵਾਂਸ਼ਹਿਰ ਨੂੰ ਭੇਜ ਦਿੱਤੀ ਗਈ। ਪ੍ਰਾਰਥੀ ਵਲੋਂ ਮੰਗੀ

ਸੂਚਨਾ ਦੀ ਬਜੀਦਪੁਰ ਬਹੁਮੰਤਵੀ ਸਹਿਕਾਰੀ ਸਭਾ ਲਿਮ:, ਬਜੀਦਪੁਰ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨਾਲ ਸਬੰਧਤ ਸੀ, ਜਿਸਦੇ ਸਬੰਧ ਵਿੱਚ ਸਭਾ ਦੀ ਪ੍ਰਬੰਧਕ ਕਮੇਟੀ ਵਲੋਂ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਦੇ ਫੈਸਲੇ ਦਾ ਹਵਾਲਾ ਦਿੰਦੇ ਹੋਏ ਮਤਾ ਮਿਤੀ : 06.09.2019 ਰਾਹੀਂ ਪਾਸ ਕੀਤਾ ਗਿਆ ਕਿ ਸਭਾ ਆਰ.ਟੀ.ਆਈ.ਐਕਟ-2005 ਅਧੀਨ ਨਹੀਂ ਆਉਂਦੀ ਹੈ, ਜਿਸ ਕਾਰਨ ਪ੍ਰਾਰਥੀ ਨੂੰ ਸੂਚਨਾ ਦੇਣ ਵਾਸਤੇ ਇਨਕਾਰ ਕਰ ਦਿੱਤਾ ਗਿਆ। ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਦੇ ਪੱਤਰ ਨੰ : 1935, ਮਿਤੀ : 16.09.2019 ਰਾਹੀਂ ਪ੍ਰਾਰਥੀ ਨੂੰ ਸਭਾ ਵਲੋਂ ਪਾਸ ਕੀਤਾ ਗਿਆ ਮਤਾ ਭੇਜਦੇ ਹੋਏ ਇਸ ਬਾਰੇ ਸੂਚਿਤ ਕਰ ਦਿੱਤਾ ਗਿਆ। ਪ੍ਰਾਰਥੀ ਵਲੋਂ ਸਭਾ ਦਾ ਪੜਨਯੋਗ ਮਤਾ ਭੇਜਣ ਸਬੰਧੀ ਕੀਤੀ ਗਈ ਬੇਨਤੀ ਤੇ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਦੇ ਪੱਤਰ ਨੰ : 2401, ਮਿਤੀ : 01.11.2019 ਰਾਹੀਂ ਸਭਾ ਦਾ ਪੜਨਯੋਗ ਮਤਾ ਪ੍ਰਾਰਥੀ ਨੂੰ ਭੇਜ ਦਿੱਤਾ ਗਿਆ ਅਤੇ ਪ੍ਰਾਰਥੀ ਦੀ ਦਰਖਾਸਤ ਦੇ ਲੜੀ ਨੰ : 05, 06 ਅਤੇ 07 ਦੇ ਹਵਾਲੇ ਵਿੱਚ ਸੂਚਿਤ ਕੀਤਾ ਗਿਆ ਕਿ ਨੰਬਰਦਾਰ ਦੀ ਨਿਯੁੱਕਤੀ ਡਿਪਟੀ ਕਮਿਸ਼ਨਰ ਵਲੋਂ ਕੀਤੀ ਜਾਂਦੀ ਹੈ, ਉਸ ਸਬੰਧ ਵਿੱਚ ਸ਼ਰਤਾਂ/ ਹਦਾਇਤਾਂ ਡਿਪਟੀ ਕਮਿਸ਼ਨਰ ਦਫਤਰ ਤੋਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਇਸ ਤੋਂ ਇਲਾਵਾ ਸਹਿਕਾਰੀ ਖੇਤੀਬਾੜੀ ਸਭਾਵਾਂ ਦੇ ਮੁਲਾਜ਼ਮਾਂ ਦੇ ਸਰਵਿਸ ਰੂਲਜ਼/ ਵਿਭਾਗ ਤੇ ਸਰਕਲ ਵਲੋਂ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ ਕਿਤਾਬਚੇ ਦੇ ਰੂਪ ਵਿੱਚ ਪਨਕੋਫੈਡ, 49-ਇੰਡਸਟਰੀਅਲ ਏਰੀਆ, ਫੇਸ-1, ਚੰਡੀਗੜ ਵਿਖੇ ਉਪਲਬੱਧ ਹਨ, ਜੋ ਬਣਦੀ ਕੀਮਤ ਅਦਾ ਕਰਕੇ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ ਜਾਂ ਵਿਭਾਗ ਦੀ ਵੈਬਸਾਈਟ punjabcooperation.gov.in ਤੋਂ ਡਾਊਨਲੋਡ ਕੀਤੀਆਂ ਜਾ ਸਕਦੀਆਂ ਹਨ। ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਵਲੋਂ ਅਪੀਲ ਦਾਖਲ ਦਫਤਰ ਕਰਨ ਲਈ ਬੇਨਤੀ ਕੀਤੀ ਗਈ।

ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਨੂੰ ਅਪੀਲ ਦੀ ਸੁਣਵਾਈ ਮਿਤੀ : 22.11.2019 ਨੂੰ ਕਰਨ ਸਬੰਧੀ ਨੋਟਿਸ ਭੇਜਦੇ ਹੋਏ ਦੁਬਾਰਾ ਹਦਾਇਤ ਕੀਤੀ ਗਈ ਕਿ ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਦੇ ਲੜੀ ਨੰ : 01, 03, 05, 6 ਅਤੇ 07 ਅਨੁਸਾਰ ਮੰਗੀ ਗਈ ਸੂਚਨਾ ਤੁਰੰਤ ਉਪਲਬੱਧ ਕਰਵਾਈ ਜਾਵੇ ਅਤੇ ਜਵਾਬ ਅਤੇ ਰੀਕਾਰਡ ਸਹਿਤ ਹਾਜਰ ਆ ਕੇ ਆਪਣਾ ਪੱਖ ਪੇਸ਼ ਕੀਤਾ ਜਾਵੇ।

ਮਿਤੀ : 22.11.2019 ਨੂੰ ਅਪੀਲਕਰਤਾ ਹਾਜਰ ਨਹੀਂ ਆਇਆ ਅਤੇ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਦਫਤਰ ਦੇ ਬੀਹਾਫ ਤੇ ਹਾਜਰ ਆਏ ਕਰਮਚਾਰੀ ਵਲੋਂ ਪੀ.ਆਈ.ਓ.ਦੇ ਪੱਤਰ ਨੰ : 2594, ਮਿਤੀ : 21.11.2019 ਰਾਹੀਂ ਕੀਤੀ ਗਈ ਰਿਪੋਰਟ ਪੇਸ਼ ਕੀਤੀ ਗਈ, ਜਿਸ ਅਨੁਸਾਰ ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਦੇ ਲੜੀ ਨੰ : 01 ਅਨੁਸਾਰ ਮੰਗੀ ਗਈ ਸੂਚਨਾ ਪੀ.ਆਈ.ਓ. ਦੇ ਪੱਤਰ ਨੰ : 2592, ਮਿਤੀ : 21.11.2019 ਪ੍ਰਾਰਥੀ ਨੂੰ ਉਸਦੀ ਮੰਗ ਅਨੁਸਾਰ ਈ-ਮੇਲ ਐਡਰੈਸ ekamhs@gmail.com ਅਤੇ ਡਾਕ ਰਾਹੀਂ ਮੁਹੱਈਆ ਕਰਵਾ ਦਿੱਤੀ ਗਈ ਹੈ।

ਦੀ ਬਜੀਦਪੁਰ ਬਹੁਮੰਤਵੀ ਸਹਿਕਾਰੀ ਸਭਾ ਲਿਮ:, ਬਜੀਦਪੁਰ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਪਾਸ ਕੀਤੇ ਗਏ ਮਤਾ ਮਿਤੀ : 06.09.2019 ਵਿੱਚ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵਲੋਂ ਸਿਵਲ ਅਪੀਲ ਨੰਬਰ 9017 ਆਫ 2013 ਦੇ ਸਬੰਧ ਵਿੱਚ ਦਿੱਤੇ ਗਏ ਫੈਸਲੇ ਦਾ ਹਵਾਲਾ ਦਿੰਦੇ ਹੋਏ ਪਾਸ ਕੀਤਾ ਗਿਆ ਕਿ ਜਿੰਨ੍ਹਾਂ ਸਹਿਕਾਰੀ ਸਭਾਵਾਂ ਵਿੱਚ ਸਰਕਾਰੀ ਹਿੱਸੇਦਾਰੀ ਨਹੀਂ ਹੈ, ਉਨ੍ਹਾਂ ਸਭਾਵਾਂ ਤੇ ਆਰ.ਟੀ.ਆਈ.ਐਕਟ-2005 ਲਾਗੂ ਨਹੀਂ ਹੁੰਦਾ। ਕਿਉਂ ਜੋ ਇਸ ਸਭਾ ਵਿੱਚ ਕੋਈ ਸਰਕਾਰੀ ਹਿੱਸੇਦਾਰੀ ਨਹੀਂ ਹੈ, ਇਸ ਲਈ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵਲੋਂ ਪਾਸ ਕੀਤੇ ਗਏ ਹੁੱਕਮਾਂ ਦੀ ਪਾਲਣਾ ਵਿੱਚ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਉਸਨੂੰ ਨਹੀਂ ਦਿੱਤੀ ਜਾ ਸਕਦੀ।

ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਦੇ ਲੜੀ ਨੰ : 01 ਦੀ ਸੂਚਨਾ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਦੇ ਪੱਤਰ ਨੰ : 2592, ਮਿਤੀ : 21.11.2019 ਰਾਹੀਂ ਪ੍ਰਾਰਥੀ ਨੂੰ ਉਸਦੀ ਮੰਗ ਅਨੁਸਾਰ ਈ-ਮੇਲ ਐਡਰੈਸ ekamhs@gmail.com ਅਤੇ ਡਾਕ ਰਾਹੀਂ ਮੁਹੱਈਆ ਕਰਵਾ ਦਿੱਤੀ ਗਈ ਹੈ, ਪਰੰਤੂ ਬਾਕੀ ਦੀ ਸੂਚਨਾ ਪ੍ਰਾਰਥੀ ਨੂੰ ਮੁਹੱਈਆ ਨਹੀਂ ਕਰਵਾਈ ਗਈ।

ਦੋਵਾਂ ਧਿਰਾਂ ਨੂੰ ਸੁਣਨ ਅਤੇ ਰੀਕਾਰਡ ਨੂੰ ਘੋਖਣ ਉਪਰੰਤ ਮੈਂ ਇਸ ਸਿੱਟੇ ਤੇ ਪਹੁੰਚਿਆ ਹਾਂ ਕਿ ਦੀ ਬਜੀਦਪੁਰ ਬਹੁਮੰਤਵੀ ਸਹਿਕਾਰੀ ਸਭਾ ਲਿਮ:, ਬਜੀਦਪੁਰ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਪਾਸ ਕੀਤੇ ਗਏ ਮਤਾ ਮਿਤੀ : 06.09.2019 ਅਨੁਸਾਰ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵਲੋਂ ਸਿਵਲ ਅਪੀਲ ਨੰਬਰ 9017 ਆਫ 2013 ਦੇ ਸਬੰਧ ਵਿੱਚ ਦਿੱਤੇ ਗਏ ਫੈਸਲੇ ਮੁਤਾਬਕ ਅਪੀਲਕਰਤਾ ਵਲੋਂ ਮੰਗੀ ਗਈ ਸੂਚਨਾ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਦਫਤਰ ਨੂੰ ਮੁਹੱਈਆ ਨਹੀਂ ਕਰਵਾਈ ਗਈ, ਪਰੰਤੂ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਵਲੋਂ ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਦੇ ਲੜੀ ਨੰ : 01 ਅਨੁਸਾਰ ਮੰਗੀ ਗਈ ਸੂਚਨਾ, ਜੋ ਉਨ੍ਹਾਂ ਦੇ ਦਫਤਰ ਵਿੱਚ ਉਪਲਬੱਧ ਸੀ, ਪੀ.ਆਈ.ਓ. ਦੇ ਪੱਤਰ ਨੰ : 2592, ਮਿਤੀ : 21.11.2019 ਰਾਹੀਂ ਪ੍ਰਾਰਥੀ ਨੂੰ ਮੁਹੱਈਆ ਕਰਵਾ ਦਿੱਤੀ ਗਈ। ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਅਨੁਸਾਰ ਮੰਗੀ ਗਈ ਸੂਚਨਾ ਵਿੱਚੋਂ ਜਿਹੜੀ ਵੀ ਸੂਚਨਾ ਦਫਤਰ ਵਿੱਚ ਉਪਲਬੱਧ ਹੈ ਜਾਂ [illegible] ਸਹਿਕਾਰੀ ਖੇਤੀ ਸੇਵਾ ਸਭਾ ਸੇਵਾ ਨਿਯਮ, 1997 ਅਨੁਸਾਰ ਪ੍ਰਾਰਥੀ ਨੂੰ ਮੁਹੱਈਆ ਕਰਵਾਈ ਜਾ ਸਕਦੀ ਹੈ, ਉਹ 10 ਦਿਨਾਂ ਅੰਦਰ ਪ੍ਰਾਰਥੀ ਨੂੰ ਮੁਹੱਈਆ ਕਰਵਾਉਣੀ ਯਕੀਨੀ ਬਣਾਈ ਜਾਵੇ। ਇਸ ਹਦਾਇਤ ਨਾਲ ਅਪੀਲ ਦਾਖਲ ਦਫਤਰ ਕੀਤੀ ਜਾਂਦੀ ਹੈ।

ਮਿਤੀ : 22.11.2019.

(ਐਪੀਲਾਂਟ ਅਥਾਰਟੀ)
ਸੰਯੁਕਤ ਰਜਿਸਟਰਾਰ
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਅਸਲ ਕਾਪੀ ਤੋਂ ਤਸਦੀਕ ਕੀਤਾ
ਸੁਪਰਡੰਟ
ਦਫਤਰ ਸੰਯੁਕਤ ਰਜਿਸਟਰਾਰ
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਸੂਚਨਾ ਦਾ ਅਧਿਕਾਰ, ਐਕਟ 2005
ਨਿਯਮ 19(1) ਦੇ ਅੰਦਰ ਪਹਿਲੀ ਅਪੀਲ ਕਰਨ ਦਾ ਪ੍ਰੋਫਾਰਮਾ

3278
14/X/19

ਸੇਵਾ ਵਿਖੇ

First Appellate Authority
ਸੰਯੁਕਤ ਰਜਿਸਟਰਾਰ,
ਜਲੰਧਰ ਮੰਡਲ, ਜਲੰਧਰ।

ਸ੍ਰੀ ਮਾਨ ਜੀ,

ਬੇਨਤੀ ਹੈ ਕਿ ਮੈਨੂੰ ਲੋਕ ਸੂਚਨਾ ਅਫਸਰ-ਕਮ- ਉਪ-ਰਜਿਸਟਰਾਰ, ਸ਼ਹੀਦ ਭਗਤ ਸਿੰਘ ਨਗਰ, ਵਲੋਂ ਮੰਗੀ ਗਈ ਸੂਚਨਾ ਦਾ ਕੋਈ ਵੀ ਜਵਾਬ ਨਹੀਂ ਮਿਲਿਆ। ਇਸ ਲਈ ਮੈਂ ਆਪ ਅੱਗੇ ਅਪੀਲ ਦਰਜ਼ ਕਰ ਰਿਹਾ ਹਾਂ। ਮੇਰੇ ਬੇਨਤੀ ਪੱਤਰ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ ।

1) ਬਿਨੈਕਾਰ ਦਾ ਪੂਰਾ ਨਾਂ: ਹਰਜਿੰਦਰ ਸਿੰਘ ਪੁੱਤਰ ਸ਼੍ਰੀ ਗੁਰਮੀਤ ਸਿੰਘ
2) ਸਥਾਈ ਪਤਾ: ਪਿੰਡ ਤੇ ਡਾਕ ਖਾਨਾ – ਬਾਜ਼ੀਦਪੁਰ,
ਤਹਿਸੀਲ – ਨਵਾਂਸ਼ਹਿਰ,
ਸ਼ਹੀਦ ਭਗਤ ਸਿੰਘ ਨਗਰ। (144518)

3) ਲੋਕ ਸੂਚਨਾ ਅਫਸਰ ਦਾ ਵੇਰਵਾ:
(ੳ) ਨਾਮ: ਉਪ ਰਜਿਸਟਰਾਰ, ਨਵਾਂਸ਼ਹਿਰ, ਸ਼ਹੀਦ ਭਗਤ ਸਿੰਘ ਨਗਰ
(ਅ) ਪਤਾ: ਪੁਰਾਣੀ ਦਾਣਾ ਮੰਡੀ,ਨੇੜੇ ਰੇਲਵੇ ਸਟੇਸ਼ਨ
ਨਵਾਂਸ਼ਹਿਰ, ਪੰਜਾਬ 144514
(ੲ) ਫੈਸਲਾ ਜਾਂ ਪੱਤਰ ਜਿਸ ਦੇ ਵਿਰੁੱਧ ਅਪੀਲ ਕੀਤੀ ਗਈ ਹੈ। ਮੀਮੋ ਨੰ.: ਸੁਪਰਡੈਂਟ/ਡੀ.ਆਰ.ਐਸਬੀਐਸ ਨਗਰ/1935
ਮਿਤੀ: 16/9/19
4) ਸੂਚਨਾ ਪ੍ਰਾਪਤ ਕਰਨ ਲਈ ਦਰਜ਼ ਕਰਵਾਈ ਬੇਨਤੀ ਪੱਤਰ ਦੀ ਮਿਤੀ : 02/09/2019
5) ਸੂਚਨਾ ਦਾ ਵੇਰਵਾ:
(ੳ) ਸੂਚਨਾ ਦਾ ਵਿਸ਼ਾ: ਸੋਸਾਇਟੀ ਦੇ ਵਿੱਚ ਕੰਮ ਕਰਦੇ ਕਰਮਚਾਰੀਆਂ ਬਾਰੇ।
(ਅ) ਸਮਾਂ ਜਿਸ ਨਾਲ ਇਹ ਸੂਚਨਾ ਸਬੰਧ ਰੱਖਦੀ ਹੈ। 01/10/2017 ਤੋਂ 31/08/2019
(ੲ) ਲੋੜੀਂਦੀ ਸੂਚਨਾ ਦਾ ਵੇਰਵਾ: ਕਰਮਚਾਰੀਆਂ ਦੀ ਹਾਜ਼ਰੀ, ਤਨਖਾਹ, ਛੁੱਟੀਆਂ ਬਾਰੇ।
ਕੀ ਅਧਿਕਾਰੀ ਨੰਬਰਦਾਰੀ ਕਰ ਸਕਦਾ? ਅਤੇ ਹੋਰ।
6) ਬੇਨਤੀ ਪੱਤਰ ਦਰਜ਼ ਕਰਨ ਤੋਂ 30ਦਿਨ ਪੂਰੇ ਹੋਣ ਦੀ ਮਿਤੀ: 02/09/2019 (ਪਹੁੰਚਣ ਦੀ ਮਿਤੀ 05/09/2019)
7) ਅਪੀਲ ਕਰਨ ਦੇ ਕਾਰਨ :
(ੳ) ਸੂਚਨਾ ਦਾ ਜਵਾਬ 30 ਦਿਨਾਂ ਦੇ ਅੰਦਰ ਨਾ ਮਿਲਣਾ: ਤਸੱਲੀਬਖਸ਼ ਜਵਾਬ ਦਾ ਨਾ ਮਿਲਣਾ।
(ਅ) ਸੂਚਨਾ ਦਾ ਜਵਾਬ ਤਸੱਲੀਬਖਸ਼ ਨਹੀਂ ਮਿਲਿਆ:
8) ਕਿਸ ਆਧਾਰ ਤੇ ਅਪੀਲ ਕੀਤੀ ਗਈ?
9) ਅਪੀਲ ਦਰਜ਼ ਕਰਨ ਦੀ ਆਖਰੀ ਮਿਤੀ
10) ਕਿਸ ਰਾਹਤ ਲਈ ਅਪੀਲ ਕੀਤੀ ਗਈ ਹੈ: ਮੰਗੀ ਗਈ ਸੂਚਨਾ ਜਲਦ ਭੇਜਣ ਲਈ ਪੀ.ਆਈ.ਓ. ਨੂੰ ਲਿਖਿਆ ਜਾਵੇ

ਅਪੀਲ ਕਰਨ ਦੇ ਲਈ ਮੈਂ 10 ਰੁਪਏ ਪੋਸਟ੍ਲ ਆਰਡਰ ਨੰ. 47F 886962 ਮਿਤੀ 09/10/2019 ਨੂੰ ਭੇਜ ਰਿਹਾਂ ਹਾਂ।

ਮਿਤੀ: 09/10/2019

ਬਿਨੈਕਾਰ ਦੇ ਪੂਰੇ ਹਸਤਾਖਰ ਅਤੇ ਪਤਾ
Harjinder Singh
ਹਰਜਿੰਦਰ ਸਿੰਘ ਪੁੱਤਰ ਸ਼੍ਰੀ ਗੁਰਮੀਤ ਸਿੰਘ
ਪਿੰਡ ਤੇ ਡਾਕ ਖਾਨਾ- ਬਾਜ਼ੀਦਪੁਰ,
ਤਹਿਸੀਲ- ਨਵਾਂਸ਼ਹਿਰ
ਜ਼ਿਲ੍ਹਾ- ਸ਼ਹੀਦ ਭਗਤ ਸਿੰਘ ਨਗਰ।

14/10/19

ਸੇਵਾ ਵਿਖੇ

First Appellate Authority,
ਕਮ- ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ,
ਜਲੰਧਰ।

ਵਿਸ਼ਾ: ਸੂਚਨਾ ਦਾ ਅਧਿਕਾਰ ਐਕਟ 2005 ਤਹਿਤ ਪਹਿਲੀ ਅਪੀਲ ਕਰਨ ਬਾਰੇ।

ਸ੍ਰੀ ਮਾਨ ਜੀ,

ਬੇਨਤੀ ਹੈ ਕਿ ਮੈਂ, ਹਰਜਿੰਦਰ ਸਿੰਘ ਪੁੱਤਰ ਸ੍ਰੀ ਗੁਰਮੀਤ ਸਿੰਘ, ਵਾਸੀ ਪਿੰਡ ਤੇ ਡਾਕ ਖਾਨਾ ਬਾਜ਼ੀਦਪੁਰ, ਤਹਿਸੀਲ- ਨਵਾਂਸ਼ਹਿਰ, ਜ਼ਿਲ੍ਹਾ- ਸ਼ਹੀਦ ਭਗਤ ਸਿੰਘ ਨਗਰ ਦਾ ਰਹਿਣ ਵਾਲਾ ਹਾਂ। ਮੈਂ ਪਿੰਡ ਬਾਜ਼ੀਦਪੁਰ ਦੀ ਸਹਿਕਾਰੀ ਸਭਾ ( ਦੀ ਬਾਜ਼ੀਦਪੁਰ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ.) ਦੇ ਕਰਮਚਾਰੀਆਂ/ਅਧਿਕਾਰੀਆਂ ਦੇ ਨਾਲ ਸਬੰਧਿਤ ਸੂਚਨਾ ਪ੍ਰਾਪਤ ਕਰਨ ਲਈ ਉਪ-ਰਜਿਸਟਰਾਰ-ਕਮ- ਲੋਕ ਸੂਚਨਾ ਅਫਸਰ, ਸ਼ਹੀਦ ਭਗਤ ਸਿੰਘ ਨਗਰ ਨੂੰ ਮਿਤੀ 02/09/2019 ਨੂੰ 10ਰੁ. ਦੇ ਪੋਸਟਲ ਆਰਡਰ ਨੰ. 47F 385743 ਨਾਲ ਆਰ.ਟੀ.ਆਈ. ਪਾਈ ਸੀ । ਇਸ ਵਿੱਚ ਤਿੰਨ ਸਵਾਲ "ਕਰਮਚਾਰੀ ਜਾਂ ਅਧਿਕਾਰੀ ਵਲੋਂ ਨੌਕਰੀ ਦੇ ਨਾਲ-ਨਾਲ ਨੰਬਰਦਾਰੀ ਕਰਨ" ਦੇ ਨਾਲ ਸਬੰਧਿਤ ਸਨ।

ਉਪ-ਰਜਿਸਟਰਾਰ, ਸਹਿਕਾਰੀ ਸਭਾਵਾਂ, ਸ਼ਹੀਦ ਭਗਤ ਸਿੰਘ ਨਗਰ, ਨੇ ਮੀਮੋ ਨੰ.: ਸੁਪਰਡੈਂਟ/ ਡੀ.ਆਰ.ਐਸਬੀਐਸ ਨਗਰ/1935, ਮਿਤੀ 16/9/19, ਨਾਲ ਆਰ.ਟੀ.ਆਈ. ਦੇ ਜਵਾਬ ਵਿੱਚ ਲਿਖਿਆ ਕਿ ਸਭਾ ਦੀ ਪ੍ਰਬੰਧਕ ਕਮੇਟੀ ਦੇ ਮਤੇ ਅਨੁਸਾਰ ਸਭਾ ਉਤੇ ਐਕਟ ਲਾਗੂ ਨਹੀਂ ਹੁੰਦਾ।ਜਿਸ ਦੀ ਕਾਪੀ ਵੀ ਭੇਜੀ ਗਈ ਸੀ। ਜਿਕਰਯੋਗ ਹੈ ਕਿ ਮਤੇ ਦੀ ਲਿਖਤ ਇਸ ਅਨੁਸਾਰ ਹੈ ਕਿ ਇਸ ਨੂੰ ਪੜਿਆ ਨਹੀਂ ਜਾ ਸਕਦਾ।

ਇਸ ਤੋਂ ਇਲਾਵਾ ਜਿਹੜੇ ਸਵਾਲ ਸਭਾਵਾਂ ਦੇ ਬਾਈਲਾਜ਼ ਨਾਲ ਸਬੰਧਿਤ ਹਨ ਜਾਂ ਜਿਹਨਾ ਦਾ ਬਾਜੀਦਪੁਰ ਦੀ ਸਭਾ ਨਾਲ ਕੋਈ ਸਿੱਧਾ ਸਬੰਧ ਨਹੀਂ ਹੈ (ਪ੍ਰਸ਼ਨ ਨੰ. 5,6,7), ਉਹਨਾ ਦਾ ਵੀ ਕੋਈ ਜਵਾਬ ਨਹੀਂ ਦਿੱਤਾ ਗਿਆ।

First Appellate Authority ਹੋਣ ਕਾਰਨ ਆਪ ਜੀ ਨੂੰ ਬੇਨਤੀ ਹੈ ਕਿ ਸਬੰਧਿਤ ਅਧਿਕਾਰੀ ਨੂੰ ਜਲਦ ਸੂਚਨਾ ਭੇਜਣ ਲਈ ਲਿਖਿਆ ਜਾਵੇ ਜੀ।ਇਸ ਦੇ ਨਾਲ ਮੈਂ ਆਪ ਜੀ ਨੂੰ 10 ਰੁ. ਦਾ ਪੋਸਟਲ ਆਰਡਰ ਨੰ. 47F886962 ਨੱਥੀ ਕਰ ਰਿਹਾ ਹਾਂ ਜੀ।

ਧੰਨਵਾਦ ਸਹਿਤ।

ਨੱਥੀ: ਫੋਟੋਕਾਪੀ

1. ਆਰ.ਟੀ.ਆਈ. (ਮਿਤੀ: 02/09/2019)
2. ਮੀਮੋ ਨੰ.: ਸੁਪਰਡੈਂਟ/ ਡੀ.ਆਰ.ਐਸਬੀਐਸ ਨਗਰ/1935, ਮਿਤੀ 16/9/19।
3. ਸਭਾ ਦੀ ਪ੍ਰਬੰਧਕ ਕਮੇਟੀ ਦੇ ਮਤਾ।

ਬਿਨੈਕਾਰ ਦੇ ਪੂਰੇ ਹਸਤਾਖਰ ਅਤੇ ਪਤਾ
Harjinder Singh
ਹਰਜਿੰਦਰ ਸਿੰਘ ਪੁੱਤਰ ਸ੍ਰੀ ਗੁਰਮੀਤ ਸਿੰਘ
ਪਿੰਡ ਤੇ ਡਾਕ ਖਾਨਾ- ਬਾਜ਼ੀਦਪੁਰ,
ਤਹਿਸੀਲ- ਨਵਾਂਸ਼ਹਿਰ
ਜ਼ਿਲ੍ਹਾ- ਸ਼ਹੀਦ ਭਗਤ ਸਿੰਘ ਨਗਰ।

ਮਿਤੀ:੦੧|੧੦|੨੦੧੧

RP 815181062 IN
05/09/19

ਸੇਵਾ ਵਿਖੇ

ਲੋਕ ਸੂਚਨਾ ਅਧਿਕਾਰੀ,
ਕਮ-ਉਪ ਰਜਿਸਟਰਾਰ,
ਸਹਿਕਾਰੀ ਸਭਾਵਾਂ,
ਨਵਾਂ ਸ਼ਹਿਰ (ਸ਼ਹੀਦ ਭਗਤ ਸਿੰਘ ਨਗਰ)।

ਵਿਸ਼ਾ : ਸੂਚਨਾ ਦਾ ਅਧਿਕਾਰ ਐਕਟ (2005) ਤਹਿਤ ਸੋਸਾਇਟੀ ਦੇ ਕਰਮਚਾਰੀਆਂ ਬਾਰੇ ਜਾਣਕਾਰੀ ਲੈਣ ਸਬੰਧੀ।

ਸ੍ਰੀ ਮਾਨ ਜੀ,

ਬੇਨਤੀ ਹੈ ਕਿ ਮੈਂ, ਹਰਜਿੰਦਰ ਸਿੰਘ ਪੁੱਤਰ ਸ੍ਰੀ ਗੁਰਮੀਤ ਸਿੰਘ, ਵਾਸੀ ਪਿੰਡ ਤੇ ਡਾਕ ਖਾਨਾ ਬਾਜ਼ੀਦਪੁਰ, ਤਹਿਸੀਲ- ਨਵਾਂਸ਼ਹਿਰ, ਜ਼ਿਲਾ-ਸ਼ਹੀਦ ਭਗਤ ਸਿੰਘ ਨਗਰ ਦਾ ਰਹਿਣ ਵਾਲਾ ਹਾਂ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮੈਂ ਆਪ ਜੀ ਤੋਂ ਆਰ. ਟੀ. ਆਈ. ਐਕਟ ਤਹਿਤ "ਦੀ ਬਾਜ਼ੀਦਪੁਰ ਮਲਟੀਪਰਪਸ ਕੋ.ਆਪਰੇਟਿਵ ਸੋਸਾਇਟੀ" ਬਾਰੇ ਹੇਠ ਲਿਖੀ ਸੂਚਨਾ ਲਿਖਤੀ ਰੂਪ ਵਿੱਚ ਪ੍ਰਾਪਤ ਕਰਨਾ ਚਾਹੁੰਦਾ ਹਾਂ:

1. ਸੋਸਾਇਟੀ ਵਿੱਚ ਕੁੱਲ ਕਿੰਨੇ ਕਰਮਚਾਰੀ/ਅਧਿਕਾਰੀ ਕੰਮ ਕਰਦੇ ਹਨ? ਉਹਨਾ ਦਾ ਨਾਮ, ਅਹੁਦਾ, ਪ੍ਰੋਬੇਸ਼ਨ ਅਤੇ ਰੈਗੂਲਰ ਨਿਯੁਕਤੀ ਦੀ ਮਿਤੀ ਕੀ ਹੈ?
2. ਮਿਤੀ 01/09/2017 ਤੋਂ 31/08/2019 ਤੱਕ ਕਰਮਚਾਰੀਆਂ/ਅਧਿਕਾਰੀਆਂ ਦੀ ਮਹੀਨਾਵਾਰ ਹਾਜ਼ਰੀ ਰਿਪੋਰਟ ਦਿੱਤੀ ਜਾਵੇ। ਇਸ ਸਮੇਂ ਦੌਰਾਨ ਉਹਨਾਂ ਦੀਆਂ ਛੁੱਟੀਆਂ, ਗੈਰ-ਹਾਜ਼ਰੀਆਂ ਬਾਰੇ ਵੀ ਜਾਣਕਾਰੀ ਦਿੱਤੀ ਜਾਵੇ।
3. ਇਸ ਸਮੇਂ ਦੌਰਾਨ ਉਚਅਧਿਕਾਰੀ ਦੇ ਦਫਤਰ ਵਿੱਚ ਕਰਮਚਾਰੀਆਂ ਨਾਲ ਕਿਹੜੀ-ਕਿਹੜੀ ਮਿਤੀ ਨੂੰ ਮੀਟਿੰਗ ਕੀਤੀ ਗਈ?
4. ਕਰਮਚਾਰੀਆਂ/ਅਧਿਕਾਰੀਆਂ ਦੀ ਮੌਜੂਦਾ ਮਹੀਨਾਵਾਰ ਤਨਖਾਹ ਕਿੰਨੀ ਹੈ ? ਇਸ ਤੋਂ ਇਲਾਵਾ ਜੇਕਰ ਕੋਈ ਹੋਰ ਬੋਨਸ ਵੀ ਦਿੱਤੇ ਜਾਂਦੇ ਹਨ, ਕਿਹੜੇ ਅਤੇ ਕਿੰਨੀ ਰਕਮ?
5. ਕੀ ਕੋਈ ਕਰਮਚਾਰੀ/ਅਧਿਕਾਰੀ ਮੌਜੂਦਾ ਨੌਕਰੀ ਦੇ ਨਾਲ-ਨਾਲ ਨੰਬਰਦਾਰੀ (ਲੰਬੜਦਾਰੀ) ਵੀ ਕਰ ਸਕਦਾ ਹੈ?
6. ਜੇਕਰ ਹਾਂ , ਤਾਂ ਕੀ ਨੰਬਰਦਾਰੀ ਮਾਣ ਭੱਤਾ 1500/- ਲੈਣ ਦਾ ਹੱਕਦਾਰ ਹੈ? ਅਤੇ ਨੰਬਰਦਾਰੀ ਦਾ ਕੰਮ ਕਰਨ ਲਈ ਸਮਾਂ ਕਿਵੇਂ ਮੁੱਕਰਰ ਕੀਤਾ ਜਾਂਦਾ ਹੈ?
7. ਅਤੇ ਜੇਕਰ ਨਹੀਂ ਅਤੇ ਕਿਸੇ ਵੀ ਤਰ੍ਹਾਂ ਬਣ ਗਿਆ ਹੋਵੇ ਤਾਂ ਉਹਦੇ ਖਿਲਾਫ ਕਾਰਵਾਈ ਕੀ ਕਾਰਵਾਈ ਕੀ ਕੀਤੀ ਜਾ ਸਕਦੀ ਹੈ?

ਉਪਰੋਕਤ ਸਾਰੀ ਸੂਚਨਾ ਰਜਿਸਟਰਡ ਪੋਸਟ ਰਾਹੀਂ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ। ਜੇਕਰ ਕੋਈ ਸੂਚਨਾ ਕਿਸੇ ਐਕਟ ਜਾਂ ਨਿਯਮ ਨਾਲ ਸਬੰਧਿਤ ਹੈ ਤਾਂ ਉਸਦਾ ਜ਼ਿਕਰ ਕਰਕੇ ਸੂਚਨਾ ਨਾਲ ਸਬੰਧਿਤ ਸੈਕਸ਼ਨ, ਸਬ-ਸੈਕਸ਼ਨ ਆਦਿ ਦੀ ਤਸਦੀਕਸ਼ੁਦਾ ਫੋਟੋਕਾਪੀ ਭੇਜੀ ਜਾਵੇ। ਇਸ ਦੇ ਲਈ ਮੈਂ ਆਪ ਜੀ ਨੂੰ 22 ਰੁਪਏ ਦੀਆਂ ਟਿਕਟਾਂ ਵਾਲਾ ਲਿਫਾਫਾ ਅਤੇ 20 ਰੁਪਏ ਦਾ ਪੋਸਟਲ ਆਰਡਰ ਜਿਸ ਦਾ ਨੰਬਰ 47F 885743 ਹੈ, ਨੱਥੀ ਕਰ ਰਿਹਾ ਹਾਂ ਜੀ। ਜੇਕਰ ਸੂਚਨਾ ਪ੍ਰਾਪਤ ਕਰਨ ਲਈ ਹੋਰ ਕੀਮਤ (ਡਾਕੂਮੈਂਟ ਫੀਸ) ਅਦਾ ਕਰਨੀ ਪਵੇ ਤਾਂ ਮੈਂ ਉਹਦਾ ਭੁਗਤਾਨ ਕਰਨ ਲਈ ਵੀ ਤਿਆਰ ਹਾਂ।

ਧੰਨਵਾਦ ਸਹਿਤ।

ਮਿਤੀ: 02/09/2019

ਬਿਨੈਕਾਰ ਦੇ ਪੂਰੇ ਹਸਤਾਖਰ ਅਤੇ ਪਤਾ,
Harjinder Singh
ਹਰਜਿੰਦਰ ਸਿੰਘ ਪੁੱਤਰ ਸ੍ਰੀ ਗੁਰਮੀਤ ਸਿੰਘ,
ਪਿੰਡ ਤੇ ਡਾਕ ਖਾਨਾ- ਬਾਜ਼ੀਦਪੁਰ,
ਜ਼ਿਲਾ- ਸ਼ਹੀਦ ਭਗਤ ਸਿੰਘ ਨਗਰ।(144518)
ਮੋਬਾਇਲ ਨੰ.- 9781314856